# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਇੰਡੋ-ਕੈਨੇਡੀਅਨ ਸੀਨੀਅਰ ਸੈਂਟਰ ਸਰੀ ਵੱਲੋਂ ਸ਼ਹੀਦ ਮੇਵਾ ਸਿੰਘ ਲੋਪੋਕੇ ਨੂੰ ਸਮਰਪਿਤ ਕਵੀ ਦਰਬਾਰ

### ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਮੁਬਾਰਕਬਾਦ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 27 ਜਨਵਰੀ : ਇੰਡੋ-ਕੈਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਵੱਲੋਂ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਮਹੀਨਾਵਾਰ ਕਵੀ ਦਰਬਾਰ ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਕਰਵਾਇਆ ਗਿਆ। ਇਸ ਵਾਰ ਦਾ ਇਹ ਪ੍ਰੋਗਰਾਮ ਕੈਨੇਡਾ ਦੇ ਸਿੱਖ ਇਤਿਹਾਸ ਦੇ ਮਹਾਨ ਸੂਰਬੀਰ ਸ਼ਹੀਦ ਮੇਵਾ ਸਿੰਘ ਲੋਪੋਕੇ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੀ।



ਸਮਾਗਮ ਦੀ ਸ਼ੁਰੂਆਤ ਕਰਦਿਆਂ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਨੇ ਸ਼ਹੀਦ ਮੇਵਾ ਸਿੰਘ ਲੋਪੋਕੇ ਦੀ ਲਾਸਾਨੀ ਕੁਰਬਾਨੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਸ਼ਹੀਦ ਮੇਵਾ ਸਿੰਘ ਨੇ 1914 ਵਿੱਚ ਕੈਨੇਡਾ ਵਿੱਚ ਵਸਦੇ ਭਾਰਤੀਆਂ ਵਿਰੁੱਧ ਅੰਗਰੇਜ਼ ਹਕੂਮਤ ਦੀਆਂ ਵਧੀਕੀਆਂ ਅਤੇ ਮੁਖ਼ਬਰ ਬੇਲਾ ਸਿੰਘ ਵੱਲੋਂ ਗੁਰਦੁਆਰਾ ਸਾਹਿਬ ਦੇ ਅੰਦਰ ਕੀਤੇ ਗਏ ਕਤਲੇਆਮ ਦਾ ਮੂੰਹ-ਤੋੜ ਜਵਾਬ ਦਿੱਤਾ ਸੀ। ਉਨ੍ਹਾਂ ਨੇ ਜ਼ੁਲਮ ਦੇ ਸੂਤਰਧਾਰ ਇੰਸਪੈਕਟਰ ਹੌਪਕਿਨਸਨ ਨੂੰ ਅਦਾਲਤ ਵਿੱਚ ਸੋਧ ਕੇ ਸਿੱਖ ਅਣਖ ਨੂੰ ਬਰਕਰਾਰ ਰੱਖਿਆ ਅਤੇ 11 ਜਨਵਰੀ 1915 ਨੂੰ ਹੱਸਦੇ ਹੋਏ ਫਾਂਸੀ ਦਾ ਰੱਸਾ ਚੁੰਮਿਆ। ਢਿੱਲੋਂ ਨੇ ਕਿਹਾ ਕਿ ਅੱਜ ਅਸੀਂ ਜਿਸ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ, ਉਹ ਅਜਿਹੇ ਸ਼ਹੀਦਾਂ ਦੀ ਬਦੌਲਤ ਹੀ ਹੈ।

ਸਮਾਗਮ ਵਿੱਚ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਲੇਖਕ ਅਤੇ ਖੇਡ ਪੱਤਰਕਾਰ ਸੰਤੋਖ ਸਿੰਘ ਮੰਡੇਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਆਪਣੇ ਜੀਵਨ ਭਰ ਦੇ ਸਾਹਿਤਕ ਅਤੇ ਖੇਡ ਸਫ਼ਰ ਬਾਰੇ ਸਰੋਤਿਆਂ ਨਾਲ ਦਿਲਚਸਪ ਗੱਲਾਂ ਸਾਂਝੀਆਂ ਕੀਤੀਆਂ। ਸ. ਮੰਡੇਰ ਨੇ ਪੰਜਾਬੀ ਖੇਡ ਜਗਤ ਨੂੰ ਪ੍ਰਫੁੱਲਤ ਕਰਨ ਲਈ ਪਾਏ ਆਪਣੇ ਯੋਗਦਾਨ 'ਤੇ ਚਾਨਣਾ ਪਾਇਆ ਅਤੇ ਇਸ ਮੌਕੇ ਆਪਣਾ ਤ੍ਰੈ-ਮਾਸਿਕ ਮੈਗਜ਼ੀਨ "ਖੇਡ ਸੰਸਾਰ" ਵੀ ਜਾਰੀ ਕੀਤਾ। ਇਸ ਮੈਗਜ਼ੀਨ ਰਾਹੀਂ ਉਹ ਪਿਛਲੇ ਲੰਮੇ ਸਮੇਂ ਤੋਂ ਨਵੀਂ ਪੀੜ੍ਹੀ ਨੂੰ ਖੇਡਾਂ ਅਤੇ ਆਪਣੀ ਵਿਰਾਸਤ ਨਾਲ ਜੋੜਨ ਦਾ ਵੱਡਮੁੱਲਾ ਕਾਰਜ ਕਰ ਰਹੇ ਹਨ।

ਕਵੀ ਦਰਬਾਰ ਦੇ ਦੌਰਾਨ ਜ਼ਿਆਦਾਤਰ ਰਚਨਾਵਾਂ ਸ਼ਹੀਦ ਮੇਵਾ ਸਿੰਘ ਦੇ ਵਿਸ਼ੇ 'ਤੇ ਆਧਾਰਿਤ ਸਨ, ਜਿਨ੍ਹਾਂ ਨੇ ਸਾਰੇ ਸਰੋਤਿਆਂ ਨੂੰ ਮੰਤਰ-ਮੁਗਧ ਕਰ ਦਿੱਤਾ। ਕਵੀ ਦਰਬਾਰ ਵਿਚ ਅਵਤਾਰ ਸਿੰਘ ਬਰਾੜ, ਗੁਰਚਰਨ ਸਿੰਘ ਬਰਾੜ, ਇੰਦਰਜੀਤ ਸਿੰਘ ਧਾਮੀ, ਨਿਰੰਜਨ ਸਿੰਘ ਲੇਹਲ, ਸੁਖਪ੍ਰੀਤ ਸਿੰਘ, ਦਰਸ਼ਨ ਸਿੰਘ ਅਟਵਾਲ, ਦਵਿੰਦਰ ਕੌਰ ਜੌਹਲ, ਭਗਵੰਤ ਕੌਰ ਚਾਹਲ, ਮਨਜੀਤ ਸਿੰਘ ਮੱਲ੍ਹਾ, ਗੁਰਦਿਆਲ ਸਿੰਘ ਜੌਹਲ, ਇੰਦਰਜੀਤ ਕੌਰ ਸੰਧੂ, ਪਵਿੱਤਰ ਕੌਰ ਬਰਾੜ, ਕੁਲਵੰਤ ਸਿੰਘ ਸਰੋਤਾ, ਸਵਰਨਜੀਤ ਸਿੰਘ ਸੰਧੂ, ਬਲਬੀਰ ਸਿੰਘ ਸੰਘਾ, ਅਮਰੀਕ ਸਿੰਘ ਲੇਹਲ, ਪ੍ਰੋ. ਸ਼ਮੀਰ ਸਿੰਘ, ਸਵਰਨ ਸਿੰਘ ਚਾਹਲ, ਬੇਅੰਤ ਸਿੰਘ ਢਿੱਲੋਂ, ਗੁਰਦਰਸ਼ਨ ਸਿੰਘ ਬਾਦਲ ਅਤੇ ਬੀਬੀ ਅਮਰਜੀਤ ਕੌਰ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਮੰਚ ਸੰਚਾਲਨ ਹਰਚੰਦ ਸਿੰਘ ਗਿੱਲ ਨੇ ਬਾਖੂਬੀ ਨਿਭਾਇਆ। ਸਮਾਗਮ ਦੌਰਾਨ ਚਾਹ-ਪਾਣੀ ਦੀ ਸੇਵਾ ਬੀਬੀ ਭਗਵੰਤ ਕੌਰ ਚਾਹਲ ਵੱਲੋਂ ਆਪਣੇ ਬੇਟੇ ਦੇ ਨਵੇਂ ਕਲੀਨਿਕ ਖੁੱਲ੍ਹਣ, ਜਨਮ ਦਿਨ ਅਤੇ ਆਪਣੇ ਪੋਤੇ-ਪੋਤੀ ਦੀ ਲੋਹੜੀ ਦੀ ਖੁਸ਼ੀ ਵਿੱਚ ਕੀਤੀ ਗਈ।

## ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਫ਼ਰੀਦਕੋਟ ਵਿੱਚ 77ਵੇਂ ਗਣਤੰਤਰ ਦਿਵਸ ਮੌਕੇ ਲਹਿਰਾਇਆ 'ਝੰਡਾ'

### ਲੋਕ-ਭਲਾਈ ਤੇ ਸਰਵਪੱਖੀ ਵਿਕਾਸ ਸਰਕਾਰ ਦੀ ਪਹਿਲੀ ਤਰਜੀਹ : ਸੰਜੀਵ ਅਰੋੜਾ

### ਸ਼ਹੀਦਾਂ ਦੇ ਪਰਿਵਾਰਾਂ ਅਤੇ ਵਿਸ਼ੇਸ਼ ਪ੍ਰਾਪਤੀਆਂ ਵਾਲੀਆਂ ਸ਼ਖ਼ਸੀਅਤਾਂ ਦਾ ਸਨਮਾਨ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 27 ਜਨਵਰੀ : 77ਵੇਂ ਗਣਤੰਤਰ ਦਿਵਸ ਸੰਬਧੀ ਜ਼ਿਲ੍ਹਾ ਪੱਧਰੀ ਸਮਾਗਮ ਇੱਥੋਂ ਦੇ ਨਹਿਰੂ ਸਟੇਡੀਅਮ ਵਿੱਚ ਪੂਰੇ ਰਾਸ਼ਟਰੀ ਜੋਸ਼ ਅਤੇ ਉਤਸ਼ਾਹ ਨਾਲ ਆਯੋਜਿਤ ਕੀਤਾ ਗਿਆ। ਇਸ ਸਮਾਗਮ ਵਿੱਚ ਕੈਬਨਿਟ ਮੰਤਰੀ ਸ੍ਰੀ ਸੰਜੀਵ ਅਰੋੜਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦੇ ਹੋਏ ਕੌਮੀ ਝੰਡਾ ਲਹਿਰਾਇਆ। ਇਸ ਮੌਕੇ ਅਮੋਲਕ ਸਿੰਘ ਵਿਧਾਇਕ ਜੈਤੋ, ਮੈਡਮ ਪੂਨਮਦੀਪ ਕੌਰ ਡਿਪਟੀ ਕਮਿਸ਼ਨਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਕੈਬਨਿਟ ਮੰਤਰੀ ਸੰਜੀਵ ਅਰੋੜਾ ਵੱਲੋਂ ਪਰੇਡ ਦਾ ਨਿਰੀਖਣ ਕੀਤਾ ਗਿਆ ਅਤੇ ਮਾਰਚ ਪਾਸਟ ਤੋਂ ਸਲਾਮੀ ਲਈ ਗਈ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਦੇਸ਼ ਦੀਆਂ ਤਿੰਨੋਂ ਸੈਨਾਵਾਂ, ਅਰਧਸੈਨਿਕ ਬਲਾਂ ਅਤੇ ਸੁਰੱਖਿਆ ਦਸਤਿਆਂ ਦੇ ਬਹਾਦਰ ਜਵਾਨਾਂ ਨੂੰ ਨਮਨ ਕਰਦਿਆਂ ਕਿਹਾ ਕਿ ਇਨ੍ਹਾਂ ਦੀ ਬਦੌਲਤ ਹੀ ਦੇਸ਼ ਦੀ ਪ੍ਰਭੂਸੱਤਾ ਅਤੇ ਅਖੰਡਤਾ ਸੁਰੱਖਿਅਤ ਹੈ। ਉਨ੍ਹਾਂ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਅਤੇ ਆਜ਼ਾਦੀ ਸੰਗਰਾਮ ਦੇ ਸਮੂਹ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਕਿਹਾ ਕਿ ਪੰਜਾਬ ਕੁਰਬਾਨੀਆਂ ਦੀ ਧਰਤੀ ਹੈ ਅਤੇ ਦੇਸ਼ ਦੀ ਆਜ਼ਾਦੀ ਵਿੱਚ ਪੰਜਾਬੀਆਂ ਦਾ ਯੋਗਦਾਨ ਅਮੁੱਲ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਅਤੇ ਸੰਵਿਧਾਨਕ ਮੁੱਲਾਂ ਅਨੁਸਾਰ ਲੋਕ-ਭਲਾਈ ਨੂੰ ਪ੍ਰਾਥਮਿਕਤਾ ਦੇ ਰਹੀ ਹੈ। ਉਨ੍ਹਾਂ ਪੰਜਾਬ ਸਰਕਾਰ ਦੀਆਂ ਪ੍ਰਮੁੱਖ ਲੋਕ-ਭਲਾਈ ਯੋਜਨਾਵਾਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਹਰ ਪਰਿਵਾਰ ਨੂੰ ਸਾਲਾਨਾ 10 ਲੱਖ ਰੁਪਏ ਤੱਕ ਨਕਦੀ ਰਹਿਤ ਇਲਾਜ ਦੀ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਔਰਤਾਂ ਲਈ ਸਰਕਾਰੀ ਬੱਸਾਂ ਵਿੱਚ ਮੁਫ਼ਤ ਸਫ਼ਰ, 300 ਯੂਨਿਟ ਮੁਫ਼ਤ ਬਿਜਲੀ ਅਤੇ ਨੌਜਵਾਨਾਂ ਲਈ ਵੱਡੇ ਪੱਧਰ 'ਤੇ ਰੋਜ਼ਗਾਰ ਦੇ ਮੌਕੇ ਉਪਲਬਧ ਕਰਵਾਏ ਜਾ ਰਹੇ ਹਨ। ਇਸ ਮੌਕੇ ਕੈਬਨਿਟ ਮੰਤਰੀ ਸ੍ਰੀ ਸੰਜੀਵ ਅਰੋੜਾ ਨੇ ਰਾਜ ਵਿੱਚ ਚੱਲ ਰਹੇ ਵਿਕਾਸ ਕਾਰਜਾਂ, ਯੁੱਧ ਨਸ਼ਿਆਂ ਵਿਰੁੱਧ, ਮੁਫਤ ਬਿਜਲੀ






ਸਕੀਮ, ਐਟੀ ਗੈਂਗਸਟਰ ਫੋਰਸ, ਕਿਸਾਨਾਂ ਲਈ ਮੁਫਤ ਬਿਜਲੀ, ਸਰਕਾਰੀ ਸਕੂਲਾਂ ਦੇ ਵਿਕਾਸ, ਟੀਚਰਾਂ ਨੂੰ ਸਿਖਲਾਈ ਆਦਿ ਸਮੇਤ ਵੱਖ ਵੱਖ ਵਿਸ਼ਿਆ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇਸ ਮੌਕੇ ਬੀ.ਐਸ.ਐਫ., ਪੰਜਾਬ ਪੁਲੀਸ, ਮਹਿਲਾ ਵਿੰਗ, ਐਨ.ਸੀ.ਸੀ. ਦੀਆਂ ਟੁੱਕੜੀਆਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਗਿਆ। ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਪੀ.ਟੀ. ਸ਼ੋਅ, ਸੱਭਿਆਚਾਰਕ ਪ੍ਰੋਗਰਾਮ, ਦੇਸ਼-ਭਗਤੀ ਨਾਲ ਸਬੰਧਤ ਪ੍ਰਸਤੁਤੀਆਂ, ਗਿੱਧਾ ਅਤੇ ਭੰਗੜਾ ਆਦਿ ਪੇਸ਼ ਕੀਤੇ ਗਏ। ਨਾਲ ਹੀ ਵੱਖ-ਵੱਖ ਵਿਭਾਗਾਂ ਵੱਲੋਂ ਲੋਕ-ਭਲਾਈ ਅਤੇ ਵਿਕਾਸ ਕਾਰਜਾਂ ਨੂੰ ਦਰਸਾਉਂਦੀਆਂ ਮਨਮੋਹਕ ਝਾਕੀਆਂ ਵੀ ਕੱਢੀਆਂ ਗਈਆਂ। ਇਸ ਮੌਕੇ ਪੀ.ਐਸ.ਪੀ.ਸੀ.ਐਲ. ਦੀ ਝਾਕੀ ਨੇ ਪਹਿਲਾ ਸਥਾਨ, ਦਸ਼ਮੇਸ਼ ਪਬਲਿਕ ਸਕੂਲ ਫਰੀਦਕੋਟ ਦੇ ਬੈਂਡ ਨੇ ਪਹਿਲਾਂ ਸਥਾਨ ਅਤੇ ਬੀ.ਐਸ.ਐਫ ਨੇ ਪਰੇਡ ਵਿੱਚੋਂ ਪਹਿਲਾਂ ਸਥਾਨ ਹਾਸਲ ਕੀਤਾ। ਸਮਾਗਮ ਦੌਰਾਨ ਸ਼ਹੀਦਾਂ ਅਤੇ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਸਮੇਤ ਵੱਖ-ਵੱਖ ਖੇਤਰਾਂ ਵਿੱਚ ਵਿਸ਼ੇਸ਼ ਪ੍ਰਾਪਤੀਆਂ ਹਾਸਲ ਕਰਨ ਵਾਲੀਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਉਨ੍ਹਾਂ ਦੀ ਉੱਤਮ ਸੇਵਾਵਾਂ ਲਈ ਸਨਮਾਨ ਨਾਲ ਨਿਵਾਜਿਆ ਗਿਆ। ਇਸ ਮੌਕੇ ਲੋੜਵੰਦਾਂ ਨੂੰ ਟਰਾਈ ਸਾਈਕਲ ਅਤੇ ਸਿਲਾਈ ਮਸ਼ੀਨਾਂ ਦੀ ਵੰਡ ਵੀ ਕੀਤੀ ਗਈ। ਪਰੇਡ ਦੀ ਅਗਵਾਈ ਡੀ.ਐਸ.ਪੀ. ਅਵਤਾਰ ਸਿੰਘ ਰਾਜਪਾਲ ਵੱਲੋਂ ਕੀਤੀ ਗਈ। ਇਸ ਮੌਕੇ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਅਤੇ ਐਸ.ਐਸ.ਪੀ. ਡਾ. ਪ੍ਰੱਗਿਆ ਜੈਨ ਵੱਲੋਂ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੂੰ ਸਨਮਾਨਿਤ ਕੀਤਾ ਗਿਆ। ਇਸ ਤੋਂ ਪਹਿਲਾ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੂੰ ਬਾਬਾ ਫਰੀਦ ਯੂਨੀਵਰਸਿਟੀ ਦੇ ਗੈਸਟ ਹਾਊਸ ਫਰੀਦਕੋਟ ਵਿਖੇ ਪਹੁੰਚਣ 'ਤੇ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਵੱਲੋਂ ਜੀ ਆਇਆ ਕਿਹਾ ਗਿਆ ਅਤੇ ਪੁਲਿਸ ਦੀ ਟੁੱਕੜੀ ਵੱਲੋਂ ਉਨ੍ਹਾਂ ਨੂੰ ਗਾਰਡ ਆਫ ਆਨਰ ਦਿੱਤਾ ਗਿਆ। ਇਸ ਮੌਕੇ ਜ਼ਿਲ੍ਹਾ ਸ਼ੈਸਨ ਜੱਜ ਸ੍ਰੀ ਸੰਜੀਵ ਜੋਸ਼ੀ, ਵੀ.ਸੀ ਡਾ. ਰਾਜੀਵ ਸੂਦ, ਸ੍ਰੀਮਤੀ ਨਿਲਾਂਬਰੀ ਜਗਦਲੇ ਆਈ.ਜੀ, ਮੈਡਮ ਬੇਅੰਤ ਕੌਰ ਸੇਖੋਂ, ਸੂਚਨਾ ਕਮਿਸ਼ਨਰ ਸ੍ਰੀ ਸੰਦੀਪ ਧਾਲੀਵਾਲ, ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਹਰਜੋਤ ਕੌਰ, ਵਧੀਕ ਡਿਪਟੀ ਕਮਿਸ਼ਨਰ (ਵਿ). ਸ੍ਰੀ ਸੰਜੀਵ ਮਲਹੋਤਰਾ, ਐਸ.ਡੀ.ਐਮ ਫ਼ਰੀਦਕੋਟ ਮੇਜਰ ਵਰੁਣ ਕੁਮਾਰ, ਸਹਾਇਕ ਕਮਿਸ਼ਨਰ (ਜ) ਗੁਰਕਿਰਨਦੀਪ ਸਿੰਘ, ਸਿਵਲ ਸਰਜਨ ਡਾ ਚੰਦਰ ਸ਼ੇਖਰ ਕੱਕੜ, ਡੀ.ਆਰ.ਓ. ਮੈਡਮ ਲਵਪ੍ਰੀਤ ਕੌਰ, ਜਨਾਬ ਮੁਹੰਮਦ ਸਦੀਕ ਸਾਬਕਾ ਸਾਂਸਦ ਮੈਂਬਰ, ਸ੍ਰੀ ਉਪਿੰਦਰ ਸ਼ਰਮਾ ਸਾਬਕਾ ਮੰਤਰੀ, ਗੁਰਤੇਜ ਸਿੰਘ ਖੋਸਾ ਚੈਅਰਮੇਨ ਜ਼ਿਲ੍ਹਾ ਯੋਜਨਾ ਬੋਰਡ ਅਤੇ ਜਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ, ਚੇਅਰਮੈਨ ਇੰਪਰੂਵਮੈਂਟ ਟਰੱਸਟ ਗਨਦੀਪ ਸਿੰਘ, ਅਮਨਦੀਪ ਸਿੰਘ ਬਾਬਾ ਚੇਅਰਮੈਨ ਮਾਰਕੀਟ ਕਮੇਟੀ ਫਰੀਦਕੋਟ, ਰਮਨਦੀਪ ਮੁਮਾਰਾ ਚੇਅਰਮੈਨ ਮਾਰਕਿਟ ਕਮੇਟੀ ਸਾਦਿਕ, ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਮੈਡਮ ਨੀਲਮ ਰਾਣੀ, ਜਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਮੈਡਮ ਅੰਜਨਾ ਕੌਂਸਲ, ਸ੍ਰੀ ਜਸਬੀਰ ਜੱਸੀ ਤੋਂ ਇਲਾਵਾ ਵੱਖ ਵੱਖ ਵਿਭਾਗਾਂ, ਫੋਜ, ਬੀ.ਐਸ.ਐਫ ਦੇ ਅਧਿਕਾਰੀ ਅਤੇ ਸਕੂਲੀ ਵਿਦਿਆਰਥੀ ਹਾਜ਼ਰ ਸਨ।

## ਸਰੀ ਵਿਖੇ 'ਸਾਮਰਾਜੀ ਸੰਕਟ ਅਤੇ ਸਮਕਾਲੀ ਹਾਲਾਤ' ਵਿਸ਼ੇ 'ਤੇ ਸੈਮੀਨਾਰ ਪਹਿਲੀ ਫਰਵਰੀ ਨੂੰ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 27 ਜਨਵਰੀ : ਤਰਕਸ਼ੀਲ (ਰੈਸ਼ਨੇਲਿਸਟ) ਸੁਸਾਇਟੀ ਕੈਨੇਡਾ ਅਤੇ ਈਸਟ ਇੰਡੀਅਨ ਡੀਫੈਂਸ ਕਮੇਟੀ ਵੱਲੋਂ 'ਸਾਮਰਾਜੀ ਸੰਕਟ ਅਤੇ ਸਮਕਾਲੀ ਹਾਲਾਤ' ਵਿਸ਼ੇ 'ਤੇ ਸੈਮੀਨਾਰ 1 ਫਰਵਰੀ 2026 (ਐਤਵਾਰ) ਨੂੰ ਬਾਅਦ ਦੁਪਹਿਰ ਇਕ ਵਜੇ ਸਰੀ ਦੇ ਪ੍ਰੋਗਰੈਸਿਵ ਕਲਚਰਲ ਸੈਂਟਰ (7536, 130 ਸਟਰੀਟ) ਵਿਖੇ ਕਰਵਾਇਆ ਜਾ ਰਿਹਾ ਹੈ।




ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਸਰਪ੍ਰਸਤ ਬਾਈ ਅਵਤਾਰ ਨੇ ਦੱਸਿਆ ਕਿ ਪੂੰਜੀਵਾਦ ਦੇ ਆਰਥਿਕ ਸੰਕਟ ਵਿੱਚ ਘਿਰੇ ਹੋਣ ਕਾਰਨ ਅਮਰੀਕਾ ਅਤੇ ਉਸਦੇ ਜੋਟੀਦਾਰ ਪੱਛਮੀ ਮੁਲਕ ਕਮਜ਼ੋਰ ਦੇਸ਼ਾਂ ਦੇ ਮਾਲ-ਖਜ਼ਾਨਿਆਂ ਨੂੰ ਹਥਿਆਉਣ ਲਈ ਤਰਲੋਮੱਛੀ ਹੋ ਰਹੇ ਹਨ। ਅਮਰੀਕਾ ਵੱਲੋਂ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਤੇ ਮਨਘੜਤ ਦੋਸ਼ ਲਾ ਕੇ ਫੌਜੀ ਤਾਕਤ ਦੇ ਜ਼ੋਰ ਉਸ ਦੀ ਪਤਨੀ ਸਮੇਤ ਅਗਵਾ ਕਰਨਾ ਅਤੇ ਉਸ ਦੇ ਤੇਲ ਦੀ ਲੁੱਟ ਇਸ ਦੀ ਉਘੜਵੀਂ ਮਿਸਾਲ ਹੈ। ਨਾਲ ਦੀ ਨਾਲ ਕਿਊਬਾ, ਮੈਕਸੀਕੋ ਅਤੇ ਕੁਲੰਬੀਆ 'ਤੇ ਵੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਅਜਿਹੇ ਹਮਲੇ ਕਰਨ ਦੀਆਂ ਧਮਕੀਆਂ ਜਾਰੀ ਹੋਈਆਂ ਹਨ।

ਉਨ੍ਹਾਂ ਕਿਹਾ ਕਿ ਜਿੱਥੇ ਟਰੰਪ ਵੱਲੋਂ ਗਰੀਨਲੈਂਡ ਨੂੰ ਜਬਰੀ ਹਥਿਆਉਣ ਦੇ ਲਲਕਾਰੇ ਮਾਰੇ ਜਾ ਰਹੇ ਹਨ ਅਤੇ ਕੈਨੇਡਾ ਨੂੰ ਅਮਰੀਕਾ ਦੀ 51ਵੀਂ ਸਟੇਟ ਬਣਾਉਣ ਦੀ ਧਮਕੀ ਪਹਿਲਾਂ ਹਾ ਆ ਚੁੱਕੀ ਹੈ। ਇਸ ਮਾਰਧਾੜ ਅਤੇ ਸੰਕਟ ਦੀ ਮਾਰ ਝੱਲਦਾ ਆਮ ਇਨਸਾਨ ਨੌਕਰੀਆਂ ਦੇ ਖੁੱਸਣ ਅਤੇ ਸਿਖਰਾਂ ਛੋਂਹਦੀ ਮਹਿੰਗਾਈ ਕਾਰਨ ਦੋ ਡੰਗ ਦੀ ਰੋਟੀ ਲਈ ਫਿਕਰਮੰਦ ਹੈ। ਤਰਕਸ਼ੀਲ ਆਗੂ ਨੇ ਇਸ ਮਹੱਤਵਪੂਰਨ ਮੁੱਦੇ ਬਾਰੇ ਵਿਸਥਾਰ ਵਿੱਚ ਗੱਲਬਾਤ ਕਰਨ ਲਈ ਪਹਿਲੀ ਫਰਵਰੀ ਨੂੰ ਇਸ ਸੈਮੀਨਾਰ ਵਿਚ ਪੁੱਜਣ ਲਈ ਖੁੱਲ੍ਹਾ ਸੱਦਾ ਦਿੱਤਾ ਹੈ।

## ਪਬਲਿਕ ਫੋਰਮ ਅਗੇਨਸਟ ਐਸਟੋਰਸ਼ਨ ਵੱਲੋਂ ਸਰੀ ਵਿੱਚ ਜਨਤਕ ਇਕੱਠ, ਫਿਰੌਤੀ ਖ਼ਿਲਾਫ਼ ਸਖ਼ਤ ਕਦਮ ਉਠਾਉਣ ਦੀ ਮੰਗ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 27 ਜਨਵਰੀ : ਫਿਰੌਤੀ ਅਤੇ ਅਪਰਾਧਿਕ ਸਰਗਰਮੀਆਂ ਦੇ ਵਧਦੇ ਮਾਮਲਿਆਂ ਖ਼ਿਲਾਫ਼ ਆਵਾਜ਼ ਬੁਲੰਦ ਕਰਦਿਆਂ 'ਪਬਲਿਕ ਫੋਰਮ ਅਗੇਨਸਟ ਐਸਟੋਰਸ਼ਨ' ਵੱਲੋਂ ਅੱਜ ਸਰੀ ਦੇ ਬੇਅਰ ਕਰੀਕ ਪਾਰਕ ਦੇ ਕਿਨਾਰੇ ਕਿੰਗ ਜੋਰਜ ਰੋਡ ਉੱਤੇ ਜਨਤਕ ਇਕੱਠ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਆਮ ਨਾਗਰਿਕ ਹੱਥਾਂ ਵਿੱਚ ਤਖਤੀਆਂ ਫੜ੍ਹ ਕੇ ਕਰੀਬ ਤਿੰਨ ਘੰਟੇ ਤੱਕ ਸੜਕ ਕਿਨਾਰੇ ਖੜ੍ਹੇ ਰਹੇ ਅਤੇ ਕਾਨੂੰਨ-ਵਿਵਸਥਾ ਨੂੰ ਮਜ਼ਬੂਤ ਕਰਨ ਦੀ ਮੰਗ ਕੀਤੀ।

ਇਕੱਠ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਲੋਅਰ ਮੇਨਲੈਂਡ ਖੇਤਰ ਵਿੱਚ ਫਿਰੌਤੀ ਵਰਗੇ ਅਪਰਾਧ ਲੋਕਾਂ ਦੀ ਜਾਨ-ਮਾਲ ਲਈ ਗੰਭੀਰ ਖ਼ਤਰਾ ਬਣ ਰਹੇ ਹਨ। ਉਨ੍ਹਾਂ ਸਰਕਾਰ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਅਪੀਲ ਕੀਤੀ ਕਿ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਤੁਰੰਤ ਅਤੇ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣ।

ਇਕੱਠ ਵੱਲੋਂ ਮੁੱਖ ਤੌਰ 'ਤੇ ਇਹ ਮੰਗਾਂ ਰੱਖੀਆਂ ਗਈਆਂ—
- ਪੁਲਿਸ ਫੋਰਸ ਵਿੱਚ ਲੋੜ ਅਨੁਸਾਰ ਵਾਧਾ ਕੀਤਾ ਜਾਵੇ।
- ਫਿਰੌਤੀ ਅਤੇ ਸੰਗਠਿਤ ਅਪਰਾਧ ਨਾਲ ਨਜਿੱਠਣ ਲਈ ਸਖ਼ਤ ਕਾਨੂੰਨ ਲਿਆਂਦੇ ਜਾਣ।
- ਫੜੇ ਗਏ ਅਪਰਾਧੀਆਂ ਦੀ ਪਛਾਣ ਜਨਤਕ ਕੀਤੀ ਜਾਵੇ।
- ਸਵੈ-ਰੱਖਿਆ ਅਤੇ ਜਾਨ-ਮਾਲ ਦੀ ਰਾਖੀ ਲਈ ਕਾਨੂੰਨੀ ਢਾਂਚੇ ਦੀ ਸਮੀਖਿਆ ਕਰਕੇ ਪ੍ਰਭਾਵਸ਼ਾਲੀ ਪ੍ਰਬੰਧ ਕੀਤੇ ਜਾਣ।
- ਲੋਅਰ ਮੇਨਲੈਂਡ ਦੇ ਮੌਜੂਦਾ ਐਮਪੀ ਅਤੇ ਐਮਐਲਏ ਦੀ ਜਨਤਕ ਜਵਾਬਦੇਹੀ ਤੈਅ ਕੀਤੀ ਜਾਵੇ।

ਇਸ ਜਨਤਕ ਇਕੱਠ ਵਿੱਚ ਰਾਜਵੀਰ ਢਿੱਲੋਂ, ਗੈਰੀ ਪੁਰੇਵਾਲ, ਅਮਰੀਕ ਸਿੱਧੂ, ਜਸਦੀਪ ਸਿੱਧੂ, ਨਵਰੂਪ ਸਿੰਘ, ਅੰਮ੍ਰਿਤ ਢੋਟ, ਜਸਵੀਰ ਚਾਹਲ, ਗੁਰਿੰਦਰ ਕਾਹਲੋਂ, ਇਕਬਾਲ ਸਿੱਧੂ, ਰਿੱਕੀ ਬਾਜਵਾ, ਬਲਦੀਪ ਝੰਡ, ਹਰਵਿੰਦਰ ਪੱਤੜ, ਹੇਨਵੀਰ ਰੰਧਾਵਾ, ਜੀਸ਼ਾਨ ਵਾਹਲਾ ਅਤੇ ਐਮਐਲਏ ਮਨਦੀਪ ਧਾਲੀਵਾਲ ਸਮੇਤ ਹੋਰ ਕਈ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਆਮ ਨਾਗਰਿਕਾਂ ਨੇ ਸ਼ਿਰਕਤ ਕੀਤੀ।

ਇਸ ਮੌਕੇ ਰਾਜਵੀਰ ਢਿੱਲੋਂ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਇੱਕ ਫਰਵਰੀ ਨੂੰ ਵੱਡੇ ਪੱਧਰ 'ਤੇ ਹੋਰ ਜਨਤਕ ਇਕੱਠ ਕੀਤਾ ਜਾਵੇਗਾ, ਜਿਸ ਵਿੱਚ ਅੱਗਲੇਰੀ ਸੰਘਰਸ਼ੀ ਰਣਨੀਤੀ ਅਤੇ ਕਾਰਵਾਈ ਦੀ ਰੂਪਰੇਖਾ ਤੈਅ ਕੀਤੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਮੁਹਿੰਮ ਨਾਲ ਜੁੜ ਕੇ ਸਮਾਜਿਕ ਸੁਰੱਖਿਆ ਲਈ ਇਕੱਠੇ ਹੋਣ। ਇਕੱਠ ਸ਼ਾਂਤਮਈ ਢੰਗ ਨਾਲ ਸੰਪੰਨ ਹੋਇਆ ਅਤੇ ਆਯੋਜਕਾਂ ਨੇ ਕਿਹਾ ਕਿ ਜਦ ਤੱਕ ਲੋਕਾਂ ਦੀ ਸੁਰੱਖਿਆ ਸੰਬੰਧੀ ਮੰਗਾਂ 'ਤੇ ਠੋਸ ਕਦਮ ਨਹੀਂ ਚੁੱਕੇ ਜਾਂਦੇ, ਉਹ ਆਪਣੀ ਲੋਕਤਾਂਤਰਿਕ ਲੜਾਈ ਜਾਰੀ ਰੱਖਣਗੇ।

## ਡੀ.ਸੀ.ਐਮ. ਸਕੂਲ ਕੋਟਕਪੂਰਾ ਵਿੱਚ ਗਣਤੰਤਰ ਦਿਵਸ ਮੌਕੇ ਕਰਵਾਇਆ ਵਿਸ਼ੇਸ਼ ਸਮਾਗਮ


ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 27 ਜਨਵਰੀ : ਦੇਸ਼ ਭਗਤੀ ਦੇ ਮਾਣ ਨਾਲ ਭਰੇ ਦਿਲਾਂ ਨਾਲ ਡੀ. ਸੀ. ਐੱਮ ਇੰਟਰਨੈਸ਼ਨਲ ਸਕੂਲ ਕੋਟਕਪੂਰਾ ਵਿਖੇ, 77ਵੇਂ ਗਣਤੰਤਰ ਦਿਵਸ ਨੂੰ ਸ਼ਾਨਦਾਰ ਢੰਗ ਨਾਲ ਮਨਾਇਆ। ਸਭ ਤੋਂ ਪਹਿਲਾਂ ਚੇਅਰਮੈਨ ਪਵਨ ਮਿੱਤਲ, ਸਰਪ੍ਰਸਤ, ਅਸ਼ੋਕ ਚਾਵਲਾ, ਪਿੰਸੀਪਲ ਸ਼੍ਰੀਮਤੀ ਮੀਨਾਕਸ਼ੀ ਸ਼ਰਮਾ ਅਤੇ ਸਮੂਹ ਸਟਾਫ ਦੁਆਰਾ ਤਿਰੰਗਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ, ਇਸ ਨਾਲ ਹੀ ਵਿਦਿਆਰਥੀਆਂ ਨੇ ਰਾਸ਼ਟਰੀ ਗੀਤ ਦੀ ਪੇਸ਼ਕਾਰੀ ਕੀਤੀ। ਬੈਂਡ ਗਰੁੱਪ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਗਿਆ। ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਗੀਤ ਦੀ ਪੇਸ਼ਕਾਰੀ ਕੀਤੀ, ਜਿਸ ਵਿੱਚ ਵਿਦਿਆਰਥੀਆਂ ਨੇ 'ਮੇਰੇ ਦੇਸ਼ ਕੀ ਧਰਤੀ ਸੋਨਾ ਓਗਲੇ' ਗਰੁੱਪ ਗੀਤ ਦੀ ਪੇਸਕਾਰੀ ਨੇ ਸਭ ਦਾ ਮਨ ਮੋਹ ਲਿਆ। ਕੁਝ ਵਿਦਿਆਰਥੀਆਂ ਨੇ ਦੇਸ ਭਗਤੀ ਗੀਤਾਂ ਤੇ ਡਾਂਸ ਦੀ ਪੇਸਕਾਰੀ ਕੀਤੀ। ਇਸ ਮੌਕੇ ਅਜਾਦੀ ਸੰਗਰਾਮ ਦਾ ਇਕ ਭਾਵੁਕ ਨਾਟਕ ਖੇਡਿਆ ਗਿਆ। ਦੇਸ਼ ਭਗਤੀ ਨਾਲ ਸਬੰਧਤ ਪੋਸਟਰ ਮੁਕਾਬਲੇ ਅਤੇ ਕੁਇਜ਼ ਅਤੇ ਭਾਸ਼ਣ ਦੇ ਮੁਕਾਬਲੇ ਚਾਰ ਹਾਉਸ ਦੇ ਇਨਚਾਰਜ ਦੁਆਰਾ ਕਰਵਾਏ ਗਏ। ਰੰਗੀਨ-ਰੰਗੋਲੀ ਨਾਲ ਮੇਰੇ ਸੁਪਨਿਆਂ ਦਾ ਭਾਰਤ ਤੇ ਵਿਭਿੰਨਤਾ ਵਿਚ ਏਕਤਾ ਦਾ ਜਸ਼ਨ ਮਨਾਇਆ ਗਿਆ। ਇਸ ਦੌਰਾਨ ਕਵਿਤਾ ਤੇ ਲੇਖ ਨਾਲ ਸੰਬੰਧਤ ਦੀ ਮਹੱਤਤਾ ਨੂੰ ਜੋਸ਼ ਨਾਲ ਪ੍ਰਗਟ ਕੀਤਾ। ਇਸ ਦੇ ਨਾਲ ਹੀ ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਮੀਨਾਕਸ਼ੀ ਸ਼ਰਮਾ ਨੇ ਕਿਹਾ ਗਣਤੰਤਰ ਦਿਵਸ ਸਾਨੂੰ ਨਿਆਂ, ਆਜਾਦੀ ਤੇ ਸਮਾਨਤਾ ਦੇ ਮੁੱਲਾਂ ਨੂੰ ਬਰਕਰਾਰ ਰੱਖਣ ਦੀ ਜਿੰਮੇਵਾਰੀ ਦੀ ਯਾਦ ਦਵਾਉਂਦਾ ਹੈ। ਉਨ੍ਹਾਂ ਕਿਹਾ ਸਾਡਾ ਉਦੇਸ਼ ਹਰੇਕ ਵਿਦਿਆਰਥੀ ਵਿਚ ਇਨ੍ਹਾਂ ਆਦਰਸ਼ਾਂ ਨੂੰ ਸਥਾਪਿਤ ਕਰਨਾ ਹੈ। ਉਨ੍ਹਾਂ ਨੂੰ ਦੇਸ਼ ਦੀ ਮਹਾਨਤਾ ਵੱਲ ਲੈਕੇ ਜਾਣ ਲਈ ਤਿਆਰ ਕਰਨਾ ਹੈ। ਇਸ ਸਮਾਗਮ ਵਿਚ ਬੱਚਿਆਂ ਦੀ ਪੇਸ਼ਕਾਰੀ ਪਰੇਡ ਟੁਕੜੀ ਨੂੰ ਉਨ੍ਹਾਂ ਦੇ ਸਮਕਾਲੀ ਤੇ ਅਨੁਸ਼ਾਸ਼ਿਤ ਮਾਰਚ ਲਈ ਵਿਸ਼ੇਸ਼ ਪ੍ਰਸ਼ੰਸਾ ਵੀ ਕੀਤੀ। ਅੰਤ ਵਿਦਿਆਰਥੀਆਂ ਨੂੰ ਸ਼ਾਨਦਾਰ ਪ੍ਰਦਰਸ਼ਨ ਲਈ ਸਨਮਾਨਿਤ ਕਰਦੇ ਹੋਏ ਇਸ ਦਿਨ ਦੀ ਵਧਾਈ ਦਿੱਤੀ।



## ਬਲਦੇਵ ਸੀਹਰਾ ਦਾ ਗ਼ਜ਼ਲ ਸੰਗ੍ਰਹਿ'ਗੁਜ਼ਾਰਿਸ਼' ਵਾਚਦਿਆਂ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ




ਬਲਦੇਵ ਸੀਹਰਾ ਪੰਜਾਬੀ ਗ਼ਜ਼ਲਕਾਰੀ ਦੇ ਖੇਤਰ ਵਿੱਚ ਇੱਕ ਪਰਪੱਕ ਅਤੇ ਸਥਾਪਿਤ ਨਾਮ ਹੈ। ਚੇਤਨਾ ਪ੍ਰਕਾਸ਼ਨ ਲੁਧਿਆਣਾ ਵੱਲੋਂ ਪ੍ਰਕਾਸ਼ਿਤ ਉਨ੍ਹਾਂ ਦਾ ਪੰਜਵਾਂ ਗ਼ਜ਼ਲ ਸੰਗ੍ਰਹਿ 'ਗੁਜ਼ਾਰਿਸ਼' ਮਨੁੱਖੀ ਸੰਵੇਦਨਾਵਾਂ, ਸਮਾਜਿਕ ਸਰੋਕਾਰਾਂ ਅਤੇ ਹੋਂਦ ਦੇ ਸੰਘਰਸ਼ ਦਾ ਇੱਕ ਅਦਭੁਤ ਦਸਤਾਵੇਜ਼ ਹੈ। 119 ਸਫ਼ਿਆਂ ਵਿੱਚ ਫੈਲੀ ਇਹ ਰਚਨਾ ਮਹਿਜ਼ ਸ਼ਬਦਾਂ ਦਾ ਜਾਲ ਨਹੀਂ, ਸਗੋਂ ਸਮਕਾਲੀ ਜੀਵਨ ਦੀਆਂ ਤਲਖ਼ ਹਕੀਕਤਾਂ ਦੀ ਇੱਕ ਖੁੱਲ੍ਹੀ ਕਿਤਾਬ ਹੈ।

ਬਲਦੇਵ ਸੀਹਰਾ ਦੇ ਫਲਸਫੇ ਅਨੁਸਾਰ ਮਨੁੱਖੀ ਪੀੜਾ ਸਰਵਵਿਆਪਕ ਹੈ। ਉਹ ਜਾਤ, ਧਰਮ ਅਤੇ ਜਮਾਤੀ ਵਖਰੇਵਿਆਂ ਦੀਆਂ ਕੰਧਾਂ ਨੂੰ ਢਾਹ ਕੇ ਮਨੁੱਖਤਾ ਦੀ ਇੱਕ ਸਾਂਝੀ ਤਸਵੀਰ ਪੇਸ਼ ਕਰਦਾ ਹੈ। ਜਦੋਂ ਉਹ ਕਹਿੰਦਾ ਹੈ ਕਿ ਲਹੂ ਦਾ ਰੰਗ ਵੱਖਰਾ ਹੋ ਸਕਦਾ ਹੈ ਪਰ ਹੰਝੂਆਂ ਦੀ ਸੰਵੇਦਨਾ ਇੱਕੋ ਜਿਹੀ ਹੁੰਦੀ ਹੈ, ਤਾਂ ਉਹ ਅਸਲ ਵਿੱਚ ਮਨੁੱਖੀ ਏਕਤਾ ਦੀ ਗੱਲ ਕਰ ਰਿਹਾ ਹੁੰਦਾ ਹੈ:

"ਲਹੂ ਦਾ ਰੰਗ ਗੂੜ੍ਹਾ ਵੀ ਤੇ ਫਿੱਕਾ ਵੀ ਹੋ ਸਕਦਾ ਹੈ,

ਮਗਰ ਸਨ ਰੰਗ ਇੱਕੋ ਦੇ ਉਹ ਤੇਰੇ ਤੇ ਮੇਰੇ ਹੰਝੂ।"



ਸੀਹਰਾ ਦੀ ਸ਼ਾਇਰੀ ਵਿੱਚ ਸਾਡੇ ਸਮਾਜ ਦੇ ਦੋਹਰੇ ਕਿਰਦਾਰਾਂ ਅਤੇ ਦਿਖਾਵੇ ਦੀ ਸੰਸਕ੍ਰਿਤੀ 'ਤੇ ਤਿੱਖਾ ਵਿਅੰਗ ਮਿਲਦਾ ਹੈ। ਅੱਜ ਦੇ ਦੌਰ ਵਿੱਚ ਜਿੱਥੇ ਧਾਰਮਿਕ ਅਦਾਰੇ ਦਾਨ ਨਾਲ ਭਰ ਰਹੇ ਹਨ, ਉੱਥੇ ਹੀ ਮਨੁੱਖਤਾ ਦੀ ਗ਼ੁਰਬਤ ਵੱਲ ਕੋਈ ਧਿਆਨ ਨਹੀਂ ਦੇ ਰਿਹਾ। ਇੱਕ ਸ਼ਿਅਰ ਵਿੱਚ ਉਹ ਇਸ ਕੌੜੀ ਸੱਚਾਈ ਨੂੰ ਬਹੁਤ ਹੀ ਕਰਾਰੀ ਸੱਟ ਨਾਲ ਪੇਸ਼ ਕਰਦੇ ਹਨ:

"ਦਾਨ ਕੀਤੇ ਜਿਸ ਨੇ ਕੰਬਲ, ਗੁਰਦੁਆਰੇ ਵਿੱਚ ਬੜੇ,

ਉਸ ਦੇ ਘਰ ਲਾਗੇ ਸੀ ਰਾਤੀਂ ਠੰਡ 'ਚ ਬੰਦਾ ਮਰ ਗਿਆ।"

ਸ਼ਾਇਰ ਦੇਸ਼ ਦੀ ਆਜ਼ਾਦੀ ਦੇ ਕਈ ਦਹਾਕਿਆਂ ਬਾਅਦ ਵੀ ਸਧਾਰਨ ਮਨੁੱਖ ਦੀ ਹਾਲਤ ਵਿੱਚ ਸੁਧਾਰ ਨਾ ਹੋਣ ਕਰਕੇ ਚਿੰਤਤ ਹੈ। ਉਸ ਲਈ ਆਜ਼ਾਦੀ ਦਾ ਮਤਲਬ ਸਿਰਫ਼ ਝੰਡੇ ਲਹਿਰਾਉਣਾ ਨਹੀਂ, ਸਗੋਂ ਹਰ ਨਾਗਰਿਕ ਦੀ ਆਰਥਿਕ ਅਤੇ ਮਾਨਸਿਕ ਸੁਤੰਤਰਤਾ ਹੈ। ਉਹ ਬਹੁਤ ਦੁਖੀ ਹਿਰਦੇ ਨਾਲ ਲਿਖਦਾ ਹੈ:

"ਆਜ਼ਾਦ ਹੈ ਵਤਨ ਪਰ, ਪਰ ਅਸਲ ਵਿੱਚ ਅਜੇ ਤੱਕ,

ਅਫਸੋਸ ਹੈ ਕਿ ਇੱਥੇ ਲੱਖਾਂ ਗ਼ੁਲਾਮ ਬਾਕੀ।"

ਸਮਾਜ ਦੇ ਉਸ ਵਰਗ ਦੀ ਤ੍ਰਾਸਦੀ, ਜਿਸ ਕੋਲ ਨਾ ਆਪਣੀ ਜ਼ਮੀਨ ਹੈ ਅਤੇ ਨਾ ਹੀ ਸਿਰ 'ਤੇ ਛੱਤ, ਸੀਹਰਾ ਦੀ ਸ਼ਾਇਰੀ ਦਾ ਵਿਸ਼ੇਸ਼ ਨੁਕਤਾ ਹੈ। ਅਜਿਹੇ ਬੇਘਰ ਮਨੁੱਖ ਦੀ ਹਾਲਤ ਉਹ ਇੱਕ 'ਵਰੋਲੇ' ਵਰਗੀ ਦੱਸਦਾ ਹੈ ਜੋ ਹਵਾ ਦੇ ਬੁੱਲਿਆਂ ਵਾਂਗ ਭਟਕਦਾ ਰਹਿੰਦਾ ਹੈ:

"ਸਿਰ 'ਤੇ ਵੀ ਛੱਤ ਨਹੀਂ ਹੈ ਤੇ ਪੈਰਾਂ 'ਚ ਨਾ ਜ਼ਮੀਨ,

ਉਹ ਬਣ ਕੇ ਭਟਕਦਾ ਹੈ ਵਰੋਲਾ ਕਦੀ ਕਦੀ।"

ਇਸ ਪੁਸਤਕ ਦੀ ਕਲਾਤਮਿਕ ਵਿਲੱਖਣਤਾ ਇਸ ਦੀ ਸ਼ਬਦ-ਚੋਣ ਵਿੱਚ ਛੁਪੀ ਹੋਈ ਹੈ। ਸੀਹਰਾ ਦੀ ਸ਼ਬਦ-ਚੋਣ ਬਹੁਤ ਹੀ ਸਹਿਜ, ਸਰਲ ਅਤੇ ਠੇਠ ਪੰਜਾਬੀ ਮੁਹਾਵਰੇ ਵਾਲੀ ਹੈ। ਉਹ 'ਹੰਝੂ', 'ਬਿਰਖ', 'ਕੰਬਲ', ਅਤੇ 'ਵਰੋਲਾ' ਵਰਗੇ ਸਾਧਾਰਨ ਸ਼ਬਦਾਂ ਰਾਹੀਂ ਬਹੁਤ ਗੂੜ੍ਹੇ ਅਰਥ ਸਿਰਜਦਾ ਹੈ। ਉਸ ਦੀ ਸ਼ਬਦ-ਚੋਣ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਬਹੁਤ ਘੱਟ ਸ਼ਬਦਾਂ ਵਿੱਚ ਬਹੁਤ ਵੱਡੀ ਗੱਲ ਕਹਿਣ ਦੀ ਸਮਰੱਥਾ ਰੱਖਦਾ ਹੈ।

ਸੀਹਰਾ ਇੱਕ ਚਿੱਤਰਕਾਰ ਵਾਂਗ ਸ਼ਬਦਾਂ ਰਾਹੀਂ ਬਿੰਬ ਉਸਾਰਦਾ ਹੈ। ਉਸ ਦੀ ਸ਼ਾਇਰੀ ਵਿੱਚ 'ਦਰਿਆ', 'ਬਿਰਖ', 'ਸਮੁੰਦਰ' ਅਤੇ 'ਮਾਰੂਥਲ' ਵਰਗੇ ਕੁਦਰਤੀ ਬਿੰਬਾਂ ਦਾ ਭਰਪੂਰ ਪ੍ਰਯੋਗ ਮਿਲਦਾ ਹੈ। ਉਹ ਖ਼ੁਦ ਨੂੰ ਇੱਕ 'ਬਿਰਖ' ਵਜੋਂ ਪੇਸ਼ ਕਰਦਾ ਹੈ ਜੋ ਕਿਸੇ ਵੀ ਬਨਾਵਟੀ ਬੰਧਨ ਤੋਂ ਮੁਕਤ ਰਹਿਣਾ ਚਾਹੁੰਦਾ ਹੈ:

"ਨਾ ਬੰਨ੍ਹ ਧਾਗੇ ਤੇ ਨਾ ਲਾ ਮੇਰੇ ਸੰਧੂਰ ਤੂੰ,

ਟੂਣੇ ਨਾ ਕਰ ਐ ਯਾਰ ਮੈਨੂੰ ਬਿਰਖ ਰਹਿਣ ਦੇ।"

ਅਲੰਕਾਰਾਂ ਦੀ ਵਰਤੋਂ ਪੱਖੋਂ ਵੀ ਇਹ ਸ਼ਾਇਰੀ ਬਹੁਤ ਅਮੀਰ ਹੈ। ਸ਼ਾਇਰ ਨੇ 'ਸ਼ਬਦਾਂ ਦੇ ਜਾਲ' ਅਤੇ 'ਸਮੇਂ ਦੀ ਰੇਤ' ਵਰਗੇ ਰੂਪਕ ਵਰਤ ਕੇ ਅਮੂਰਤ ਸੰਕਲਪਾਂ ਨੂੰ ਮੂਰਤ ਰੂਪ ਦਿੱਤਾ ਹੈ। ਜ਼ਿੰਦਗੀ ਨੂੰ ਰੇਤ 'ਤੇ ਲਿਖੇ ਅੱਖਰਾਂ ਵਾਂਗ ਮਿਟਾਉਣ ਦਾ ਰੂਪਕ ਬਹੁਤ ਹੀ ਪ੍ਰਭਾਵਸ਼ਾਲੀ ਹੈ:

"ਇਹੀ ਹੈ ਜ਼ਿੰਦਗੀ ਤੇ ਜ਼ਿੰਦਗੀ ਹੋਣੀ ਨਾ ਹੋਣੀ ਕੀ,

ਸਮੇਂ ਦੀ ਰੇਤ 'ਤੇ ਲਿਖਿਆ ਮਿਟਾਉਣੇ ਵਿੱਚ ਮੈਂ ਲੱਗਾ ਹਾਂ।"

ਸ਼ਾਇਰ ਮਕਾਨ ਅਤੇ ਘਰ ਦੇ ਅੰਤਰ ਨੂੰ ਸਪੱਸ਼ਟ ਕਰਦਿਆਂ ਰਿਸ਼ਤਿਆਂ ਵਿੱਚ ਆਈ ਕੜਵਾਹਟ ਦਾ ਜ਼ਿਕਰ ਕਰਦਾ ਹੈ। ਉਸ ਅਨੁਸਾਰ ਜੇ ਦਿਲਾਂ ਵਿੱਚ ਫ਼ਰਕ ਪੈ ਜਾਵੇ, ਤਾਂ ਭੌਤਿਕ ਸੁੱਖ-ਸਹੂਲਤਾਂ ਵਾਲੇ ਮਕਾਨ ਵੀ ਸਿਰਫ਼ ਇੱਕ ਮਜਬੂਰੀ ਬਣ ਕੇ ਰਹਿ ਜਾਂਦੇ ਹਨ:

"ਮਕਾਨਾਂ ਵਿੱਚ ਰਹਿਣ ਨੂੰ 'ਦੇਵ' ਬਸ ਮਜਬੂਰੀਆਂ ਸਮਝੋ,

ਦਿਲਾਂ ਵਿੱਚ ਫਰਕ ਜੇ ਹੋਵੇ ਤਾਂ ਘਰ ਚੰਗਾ ਨਹੀਂ ਲੱਗਦਾ।"

ਸਮੁੱਚੇ ਰੂਪ ਵਿੱਚ, ਬਲਦੇਵ ਸੀਹਰਾ ਦਾ ਇਹ ਗ਼ਜ਼ਲ ਸੰਗ੍ਰਹਿ ਪੰਜਾਬੀ ਸਾਹਿਤ ਵਿੱਚ ਇੱਕ ਮਹੱਤਵਪੂਰਨ ਪ੍ਰਾਪਤੀ ਹੈ। ਇਹ ਪਾਠਕ ਨੂੰ ਅੰਤਰ-ਝਾਤ ਮਾਰਨ ਲਈ ਮਜਬੂਰ ਕਰਦਾ ਹੈ ਅਤੇ ਸਮਾਜਿਕ ਬੁਰਾਈਆਂ ਵਿਰੁੱਧ ਇੱਕ ਧੀਮੀ ਪਰ ਗੂੜ੍ਹੀ ਆਵਾਜ਼ ਬੁਲੰਦ ਕਰਦਾ ਹੈ। ਸ਼ਾਇਰ ਦੀ ਕਲਾਤਮਿਕ ਪਹੁੰਚ ਅਤੇ ਵਿਸ਼ਾ-ਵਸਤੂ ਦੀ ਗੰਭੀਰਤਾ 'ਗੁਜ਼ਾਰਿਸ਼' ਨੂੰ ਇੱਕ ਲੰਮੇ ਸਮੇਂ ਤੱਕ ਯਾਦ ਰੱਖਣ ਯੋਗ ਰਚਨਾ ਬਣਾਉਂਦੀ ਹੈ।

## ਖੰਡ ਦਾ ਘੜਾ/ ਮਿੰਨੀ ਕਹਾਣੀ

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ

ਸਕੂਲ ਮੁਖੀਆਂ ਦੀ ਮਹੀਨਾਵਾਰ ਮੀਟਿੰਗ ਵਿੱਚ ਦੱਸੀ ਡਾਕ ਤਿਆਰ ਕਰਨ ਲਈ ਸਕੂਲ ਮੁਖੀ ਸਰੂਪ ਚੰਦ ਨੇ ਐਤਵਾਰ ਵਾਲੇ ਦਿਨ ਸਕੂਲ ਦੇ ਦੋ ਸੀਨੀਅਰ ਅਧਿਆਪਕਾਂ ਮਨਜੀਤ ਸਿੰਘ ਤੇ ਕੁਲਵੀਰ ਸਿੰਘ ਨੂੰ ਸਕੂਲੇ ਸੱਦ ਲਿਆ। ਉਹ ਤਿੰਨੇ ਜਣੇ ਦਫ਼ਤਰ ਵਿੱਚ ਬੈਠ ਕੇ ਡਾਕ ਤਿਆਰ ਕਰਨ ਲੱਗ ਪਏ। ਉਹ ਕਦੇ ਇਕ ਰਜਿਸਟਰ ਚੁੱਕਣ ਅਤੇ ਕਦੇ ਦੂਜਾ।

ਕਦੇ ਤੀਜਾ ਤੇ ਕਦੇ ਚੌਥਾ। ਇਸ ਤਰ੍ਹਾਂ ਪਤਾ ਨਹੀਂ ਕਿੰਨੇ ਰਜਿਸਟਰ ਉਨ੍ਹਾਂ ਨੇ ਚੁੱਕੇ ਕਿਉਂ ਕਿ ਪਿਛਲੇ ਦਸਾਂ ਸਾਲਾਂ ਦਾ ਸਲਾਨਾ ਨਤੀਜਾ ਖਾਲੀ ਤੇ ਭਰੀਆਂ ਪੋਸਟਾਂ ਦਾ ਵੇਰਵਾ, ਵੰਡੇ ਅਤੇ ਅਣਵੰਡੇ ਵਜ਼ੀਫੇ ਦਾ ਵੇਰਵਾ, ਫੰਡਾਂ ਦੀ ਸਲਾਨਾ ਆਮਦਨ ਤੇ ਖਰਚਾ, ਵਿਦਿਆਰਥੀਆਂ ਦੀ ਪਿਛਲੇ ਦਸਾਂ ਸਾਲਾਂ ਦੀ ਸਾਲ ਵਾਈਜ਼ ਗਿਣਤੀ ਇਨ੍ਹਾਂ ਵਿੱਚੋਂ ਵੇਖ ਕੇ ਲਿਖਣੀ ਸੀ। ਡਾਕ ਤਿਆਰ ਕਰਨ ਵਾਲੇ ਸਮੇਂ ਦੌਰਾਨ ਸਰੂਪ ਚੰਦ ਨੇ ਕਈ ਵਾਰ ਦੁੱਧ, ਕਲਾਕੰਦ, ਬਿਸਕੁਟ, ਮੱਟਰੀ ਤੇ ਬਰਫੀ ਪੀਅਨ ਤੋਂ ਕਹਿ ਕੇ ਮੰਗਵਾਈ। ਜਦੋਂ ਚਾਰ ਕੁ ਵਜੇ ਸਰੂਪ ਚੰਦ ਦਫ਼ਤਰ ਤੋਂ ਬਾਹਰ ਕੁਝ ਸਮਾਂ ਦਿਮਾਗ ਨੂੰ ਰੈਸਟ ਦੇਣ ਦੇ ਬਹਾਨੇ ਆਇਆ ਤਾਂ ਕੁਲਵੀਰ ਸਿੰਘ ਨੇ ਹੌਲੀ ਜਿਹੀ ਮਨਜੀਤ ਸਿੰਘ ਨੂੰ ਆਖਿਆ," ਯਾਰ ਸਾਡੇ ਸਾਹਿਬ ਨੂੰ ਕੰਮ ਕਰਵਾਉਣ ਦਾ ਬਹੁਤ ਢੰਗ ਆਉਂਦਾ। ਵੇਖ ਕਿੱਦਾਂ ਸਵੇਰ ਦਾ ਸਾਡੀ ਸੇਵਾ ਕਰਨ ਲੱਗਿਐ। ਘਰੀਂ ਕਿਹੜਾ ਅਸੀਂ ਕੁਝ ਕਰਨਾ ਸੀ?"

ਮਨਜੀਤ ਸਿੰਘ ਮੁਸਕਰਾ ਕੇ ਕਹਿਣ ਲੱਗਾ,

"ਕੰਮ ਕਰਵਾਉਣ ਵੇਲੇ ਤਾਂ ਸਾਡਾ ਸਾਹਿਬ ਖੰਡ ਦਾ ਘੜਾ ਬਣ ਜਾਂਦੈ। ਕੰਮ ਮੁੱਕੇ ਤੇ ਇਸ ਦੇ ਰੰਗ, ਢੰਗ ਵੇਖੀਂ। ਮਜਾਲ ਕੇ ਕੋਈ ਦਫ਼ਤਰ ਵਿੱਚ ਪੈਰ ਪਾ ਜਾਵੇ।"

ਏਨੇ ਚਿਰ ਨੂੰ ਸਰੂਪ ਚੰਦ ਦਫ਼ਤਰ ਵਿੱਚ ਆ ਗਿਆ ਅਤੇ ਉਹ ਫਿਰ ਤਿੰਨੇ ਜਣੇ ਤਿਆਰ ਕੀਤੀ ਹੋਈ ਡਾਕ ਨੂੰ ਘੋਖਣ ਲੱਗ ਪਏ।

## ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਦੀ ਮਾਸਿਕ ਇਕੱਤਰਤਾ

ਵਰਲਡ ਪੰਜਾਬੀ ਟਾਈਮਜ਼

ਚੰਡੀਗੜ੍ਹ 27 ਜਨਵਰੀ : ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਵੱਲੋਂ ਰੋਟਰੀ ਕਲੱਬ ਸੈਕਟਰ 70 ਮੁਹਾਲੀ ਵਿਖੇ ਮਹੀਨੇਵਾਰ ਸਾਹਿਤਕ ਸਮਾਗਮ ਕਰਵਾਇਆ ਗਿਆ ਜੋ ਕਿ ਬਸੰਤ ਰੁੱਤ ਅਤੇ ਗਣਤੰਤਰ ਦਿਵਸ ਨੂੰ ਸਮਰਪਿਤ ਸੀ। ਪ੍ਰਧਾਨਗੀ ਮੰਡਲ ਵਿੱਚ ਸ਼ਬਾਨਾ ਆਜ਼ਮੀ ,ਸ.ਬਲਵਿੰਦਰ ਢਿੱਲੋਂ,ਡਾ. ਸੁਲਤਾਨ ਅੰਜੁਮ ਅਤੇ ਭਰਪੂਰ ਸਿੰਘ ਸ਼ਾਮਿਲ ਸਨ। ਸਭ ਤੋਂ ਪਹਿਲਾਂ ਸਾਡੇ ਬਹੁਤ ਹੀ ਸੁਹਿਰਦ ਮੈਂਬਰ, ਲੇਖਿਕਾ ਸ਼੍ਰੀਮਤੀ ਸੁਰਜੀਤ ਕੌਰ ਬੈਂਸ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਸੰਸਥਾ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਮਾਵੀ ਨੇ ਆਏ ਹੋਏ ਸਾਰੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਤੇ ਨਵੇਂ




ਉਲੀਕੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ। ਭਗਤ ਪੂਰਨ ਸਿੰਘ ਵਾਤਾਵਰਣ ਸੰਭਾਲ ਸੁਸਾਇਟੀ ਦੇ ਪ੍ਰਧਾਨ ਸ.ਗੁਰਮੇਲ ਸਿੰਘ ਮੌਜੋਵਾਲ ਨੇ ਸੰਸਥਾ ਦੇ ਸਾਰੇ ਮੈਂਬਰਾਂ ਨੂੰ ਨਵੇਂ ਸਾਲ ਦੇ ਕੈਲੰਡਰ ਵੰਡੇ। ਕਵੀ ਦਰਬਾਰ ਦਾ ਆਗਾਜ਼ ਮਲਕੀਤ ਨਾਗਰਾ ਵੱਲੋਂ ਗਾਏ ਧਾਰਮਿਕ ਗੀਤ ਨਾਲ ਹੋਇਆ। ਪ੍ਰੋਫੈਸਰ ਕੇਵਲਜੀਤ ਕੰਵਲ ਤੇ ਅੰਸ਼ੁਕਰ ਮਹੇਸ਼ ਨੇ ਗਣਤੰਤਰ ਦਿਵਸ ਨੂੰ ਸਮਰਪਿਤ ਰਚਨਾਵਾਂ ਸਾਂਝੀਆਂ ਕੀਤੀਆਂ ।ਗੁਰਦਾਸ ਸਿੰਘ ਦਾਸ, ਸ਼ਬਾਨਾ ਆਜ਼ਮੀ,ਦਰਸ਼ਨ ਤਿਊਣਾ,ਦਵਿੰਦਰ ਕੌਰ ਢਿੱਲੋਂ,ਮਹਿੰਦਰ ਸਿੰਘ ਗੋਸਲ,ਰਤਨ ਬਾਬਕ ਵਾਲਾ,ਲਾਭ ਸਿੰਘ ਲਹਿਲੀ,ਸਵਰਨਜੀਤ ਸਿੰਘ ਜੀਤ ਅਤੇ ਦਰਸ਼ਨ ਸਿੰਘ ਸਿੱਧੂ ਨੇ ਤਰੰਨਮ ਵਿੱਚ ਰਚਨਾਵਾਂ ਸੁਣਾ ਕੇ ਖੂਬ ਰੰਗ ਬੰਨ੍ਹਿਆ। ਬਲਜੀਤ ਕੌਰ ਢਿੱਲੋਂ,ਸੁਰਿੰਦਰ ਕੁਮਾਰ ਤੇ ਸਾਗਰ ਭੂਰੀਆ ਨੇ ਵੱਖ ਵੱਖ ਵਿਸ਼ਿਆਂ ਨਾਲ ਸਬੰਧਤ ਕਵਿਤਾਵਾਂ ਸਾਂਝੀਆਂ ਕੀਤੀਆਂ। ਚਰਨਜੀਤ ਕਲੇਰ ਅਤੇ ਤਿਲਕ ਸੇਠੀ ਨੇ ਹਿੰਦੀ ਗਜ਼ਲਾਂ ਨਾਲ ਆਪਣੀ ਹਾਜ਼ਰੀ ਲਵਾਈ ।ਇਹਨਾਂ ਤੋਂ ਇਲਾਵਾ ਹਰਜੀਤ ਸਿੰਘ ,ਬਲਜਿੰਦਰ ਸਿੰਘ ਧਾਲੀਵਾਲ ਵੀ ਸਮਾਗਮ ਵਿੱਚ ਹਾਜ਼ਰ ਸਨ। ਪ੍ਰਧਾਨਗੀ ਕਰਦਿਆਂ ਬਲਵਿੰਦਰ ਸਿੰਘ ਢਿੱਲੋਂ ਨੇ ਸੰਸਥਾ ਦੇ ਪਰੋਗਰਾਮ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਸਾਰੇ ਸਾਹਿਤਕਾਰਾਂ ਦੀਆਂ ਰਚਨਾਵਾਂ ਵਧੀਆ ਸ਼ਬਦਾਵਲ਼ੀ ਹੋਣ ਦੇ ਨਾਲ ਨਾਲ ਬਹੁਤ ਹੀ ਸੇਧ ਦੇਣ ਵਾਲੀਆਂ ਸਨ। ਅਖੀਰ ਵਿੱਚ ਕੇਂਦਰ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਮਾਵੀ ਨੇ ਇਕੱਤਰਤਾ ਵਿੱਚ ਸ਼ਾਮਿਲ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਭਰਪੂਰ ਸਿੰਘ ਵੱਲੋਂ ਬਾਖੂਬੀ ਨਿਭਾਇਆ ਗਿਆ।

## ਛੋਟੀ ਉਮਰੇ ਵੱਡੀਆਂ ਮੱਲਾਂ ਮਾਰਨ ਵਾਲੇ ਵਿਦਿਆਰਥੀ ਗੁਰਕਮਲ ਮੱਟੂ ਦਾ ਪਹਿਲਾ ਗੀਤ 'ਬਾਜ਼' ਰਿਲੀਜ਼

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ




ਕੋਟਕਪੂਰਾ, 27 ਜਨਵਰੀ : 'ਕੁਦਰਤ ਦੁਆਰਾ ਬਖ਼ਸ਼ੀ ਕਲਾ ਨੂੰ ਨਿਖ਼ਾਰ ਕੇ ਲੋਕਾਈ ਦੇ ਸਨਮੁੱਖ ਪ੍ਰਗਟਾਵਾ ਕਰਨ ਦੀ ਕੋਈ ਉਮਰ-ਸੀਮਾ ਨਿਸ਼ਚਿਤ ਨਹੀਂ ਹੁੰਦੀ। ਗਾਇਕੀ ਵੀ ਇਹਨਾਂ ਖੂਬਸੂਰਤ ਕਲਾਵਾਂ ਵਿੱਚੋਂ ਇੱਕ ਹੈ।' ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬੀ ਸ਼ਾਇਰ ਕੁਲਵਿੰਦਰ ਵਿਰਕ ਨੇ ਕਰਦਿਆਂ ਕਿਹਾ ਕਿ ਬਾਬਾ ਫ਼ਰੀਦ ਪਬਲਿਕ ਸਕੂਲ ਵਿੱਚ ਪੰਜਵੀਂ ਜਮਾਤ ਵਿੱਚ ਪੜ੍ਹਦਾ ਬਾਲ-ਗਾਇਕ ਗੁਰਕਮਲ ਮੱਟੂ ਅਜਿਹੇ ਹੀ ਇੱਕ ਗਾਇਕ ਵਜੋਂ ਪੇਸ਼ ਹੋਇਆ ਹੈ, ਜਿਸ ਨੇ ਛੋਟੀ ਉਮਰੇ ਗਾਇਕੀ ਦੇ ਖੇਤਰ ਵਿੱਚ ਆਪਣੇ ਪਹਿਲੇ ਗੀਤ ਰਾਹੀਂ ਸ਼ਾਨਦਾਰ ਸ਼ੁਰੂਆਤ ਕੀਤੀ ਹੈ। ਪ੍ਰਸਿੱਧ ਲੋਕ-ਗਾਇਕ ਇੰਦਰ ਮਾਨ ਦੀ ਅਗਵਾਈ ਹੇਠ ਕੇ.ਡਬਲਯੂ.ਐੱਮ. ਰਿਕਾਰਡ ਕੰਪਨੀ ਵਿੱਚ ਗੁਰਕਮਲ ਮੱਟੂ ਦਾ ਪਹਿਲਾ ਲੋਕ-ਤੱਥ 'ਬਾਜ਼' ਵਿਸ਼ਵ-ਪੱਧਰ 'ਤੇ ਰਿਲੀਜ਼ ਕੀਤਾ ਗਿਆ ਹੈ। ਇਸ ਲੋਕ-ਤੱਥ ਨੂੰ ਲਿਖਿਆ ਅਤੇ ਪੇਸ਼ ਕੀਤਾ ਹੈ ਬਲਵਿੰਦਰ ਮੰਡ ਨੇ। ਰਵਿੰਦਰ ਟੀਨਾ ਅਤੇ ਸੰਗੀਤ ਕੰਡਿਆਰਾ ਨੇ ਸੰਗੀਤ ਤਿਆਰ ਕੀਤਾ ਹੈ। ਹਰਜੋਤ ਨਟਰਾਜ ਦੀ ਪੋਸਟ ਪ੍ਰੋਡਕਸ਼ਨ ਹੇਠ ਵੀਡੀਓ ਫ਼ਿਲਮਾਂਕਣ ਓਪੀ ਬੰਟੂ ਦੁਆਰਾ ਕੀਤਾ ਗਿਆ ਹੈ। ਲੋਕ-ਗਾਇਕ ਇੰਦਰ ਮਾਨ ਨੇ ਇਸ ਮੌਕੇ ਜਾਣਕਾਰੀ ਦਿੰਦਿਆਂ ਕਿਹਾ ਕਿ ਗੁਰਕਮਲ ਮੱਟੂ ਉਹਨਾਂ ਦਾ ਅਜਿਹਾ ਵਿਦਿਆਰਥੀ ਹੈ, ਜਿਸ ਅੰਦਰ ਗਾਇਕੀ ਦੀ ਪ੍ਰਤਿਭਾ ਕੁਦਰਤ ਵੱਲੋਂ ਹੀ ਭਰੀ ਗਈ ਹੈ। ਉਹਨਾਂ ਨੇ ਅਣਥੱਕ ਮਿਹਨਤ ਨਾਲ ਇਸ ਬਾਲ-ਗਾਇਕ ਦੇ ਇਸ ਗੀਤ ਅਤੇ ਵੀਡੀਓ ਨੂੰ ਤਿਆਰ ਕੀਤਾ ਹੈ, ਜਿਸ ਨੂੰ ਕੋਟਕਪੂਰਾ ਦੇ ਨੇੜਲੇ ਪਿੰਡਾਂ ਦੀਆਂ ਥਾਵਾਂ ਅਤੇ ਸੱਥਾਂ ਵਿੱਚ ਫ਼ਿਲਮਾਇਆ ਗਿਆ ਹੈ। ਇਸ ਬਾਲ-ਗਾਇਕ ਦੀ ਇਸ ਪਹਿਲੀ ਅਤੇ ਸ਼ਾਨਦਾਰ ਪੇਸ਼ਕਾਰੀ ਦੇ ਰਿਲੀਜ਼ ਹੋਣ 'ਤੇ ਬਾਬਾ ਫ਼ਰੀਦ ਪਬਲਿਕ ਸਕੂਲ ਦੀ ਸਮੁੱਚੀ ਮੈਨੇਜਮੈਂਟ, ਪ੍ਰਿੰਸੀਪਲ, ਵਾਈਸ ਪ੍ਰਿੰਸੀਪਲ, ਅਧਿਆਪਕ ਸਾਹਿਬਾਨ, ਗੀਤਕਾਰ ਮਜਿੰਦਰ ਗੋਲ੍ਹੀ, ਗਾਇਕ ਕੁਲਦੀਪ ਸੁੱਖ, ਹਰਮੇਸ਼ ਸਿੰਘ ਅਤੇ ਸ਼ਿਵਨਾਥ ਦਰਦੀ ਤੋਂ ਇਲਾਵਾ ਪਿੰਡ ਰੋੜੀਕਪੂਰਾ ਦੇ ਨਿਵਾਸੀਆਂ ਅਤੇ ਸੰਗੀਤ-ਇੰਡਸਟਰੀ ਨਾਲ ਜੁੜੀਆਂ ਅਨੇਕਾਂ ਨਾਮਵਰ ਸ਼ਖਸ਼ੀਅਤਾਂ ਨੇ ਮੁਬਾਰਕਾਂ ਅਤੇ ਸ਼ੁਭਕਾਮਨਾਵਾਂ ਦਿੱਤੀਆਂ ਹਨ।

## ਕੈਬਨਿਟ ਮੰਤਰੀ ਸੰਜੀਵ ਅਰੋੜਾ ਟਿੱਲਾ ਬਾਬਾ ਫ਼ਰੀਦ ਜੀ ਵਿਖੇ ਨਤਮਸਤਕ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 27 ਜਨਵਰੀ : ਟਿੱਲਾ ਬਾਬਾ ਫ਼ਰੀਦ ਜੀ ਵਿਖੇ ਕੈਬਿਨੇਟ ਮੰਤਰੀ ਸੰਜੀਵ ਅਰੋੜਾ ਅਸ਼ੀਰਵਾਦ ਲੈਣ ਲਈ ਪੰਹੁਚੇ। ਜਿਨ੍ਹਾਂ ਦਾ ਸਵਾਗਤ ਸਰਦਾਰ ਸਿਮਰਜੀਤ ਸਿੰਘ ਸੇਖੋਂ ਪ੍ਰਧਾਨ ਬਾਬਾ ਫਰੀਦ ਧਾਰਮਿਕ ਅਤੇ ਵਿੱਦਿਅਕ ਸੰਸਥਾਵਾਂ ਫ਼ਰੀਦਕੋਟ ਜੀ ਦੀ ਰਹਿਨੁਮਾਈ ਹੇਠ ਜਨਰਲ ਸਕੱਤਰ ਸੁਰਿੰਦਰ ਸਿੰਘ ਰੋਮਾਣਾ, ਖਜਾਨਚੀ ਗੁਰਿੰਦਰ ਮੋਹਨ ਸਿੰਘ, ਮੈਂਬਰ ਕੁਲਜੀਤ ਸਿੰਘ ਮੋਂਗੀਆ ਅਤੇ ਨਰਿੰਦਰ ਪਾਲ ਸਿੰਘ ਬਰਾੜ ਵੱਲੋਂ ਕੀਤਾ ਗਿਆ। ਇਸ ਤੋਂ ਉਪਰੰਤ ਹੈੱਡ ਗ੍ਰੰਥੀ ਸਾਹਿਬਾਨ ਵੱਲੋਂ ਸਿਰੋਪਾ ਭੇਂਟ ਕੀਤਾ ਗਿਆ ਅਤੇ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਫ਼ਰੀਦ ਸੰਸਥਾਵਾਂ ਦੇ ਸੰਸਥਾਪਕ ਸਵ. ਇੰਦਰਜੀਤ ਸਿੰਘ ਖ਼ਾਲਸਾ ਦੀਆਂ ਬਾਬਾ ਫ਼ਰੀਦ ਸਾਹਿਬ ਜੀ ਦੀ ਜੀਵਨੀ ਤੇ ਲਿਖਤ ਕਿਤਾਬਾਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੇਅੰਤ ਕੌਰ ਧਰਮਪਤਨੀ ਗੁਰਦਿੱਤ ਸਿੰਘ ਵਿਧਾਇਕ ਫਰੀਦਕੋਟ, ਸੰਦੀਪ ਸਿੰਘ, ਆਰ.ਟੀ.ਆਈ. ਕਮਿਸ਼ਨਰ, ਸੁਖਮੰਦਰ ਸਿੰਘ ਰੇਖੀ, ਵਧੀਕ ਰਜਿਸਟਰਾਰ ਆਫ ਸੋਸਾਇਟੀਜ਼ ਪੰਜਾਬ ਫ਼ਰੀਦਕੋਟ, ਗਗਨਦੀਪ ਸਿੰਘ ਧਾਲੀਵਾਲ ਚੈਅਰਮੈਨ ਇੰਪਰੂਵਮੈਂਟ ਟਰੱਸਟ ਫ਼ਰੀਦਕੋਟ, ਗੁਰਤੇਜ ਸਿੰਘ ਖੋਸਾ ਚੈਅਰਮੈਨ ਜਿਲਾ ਯੋਜਨਾ ਬੋਰਡ ਫ਼ਰੀਦਕੋਟ ਵੀ ਹਾਜ਼ਰ ਸਨ।